**16ਵੀਂ ਵਿਧਾਨ ਸਭਾ**

**ਤੀਜਾ ਸਮਾਗਮ**

**ਪੰਜਾਬ ਵਿਧਾਨ ਸਭਾ**

ਬੁਲੇਟਿਨ ਨੰ: 2

ਵੀਰਵਾਰ, 29 ਸਤੰਬਰ, 2022

(02:00 ਵਜੇ ਬਾਅਦ ਦੁਪਹਿਰ ਤੋਂ 05:30 ਵਜੇ ਸ਼ਾਮ ਤੱਕ)

**1) ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਜ਼ੀਰੋ ਆਵਰ ਦੌਰਾਨ ਸਦਨ ਵਿੱਚ ਬਹੁਤ ਸ਼ੋਰ ਸ਼ਰਾਬਾ ਹੋਣ ਕਾਰਨ ਮਾਨਯੋਗ ਸਪੀਕਰ ਵੱਲੋਂ ਸਦਨ 02:20 ਵਜੇ ਬਾਅਦ ਦੁਪਹਿਰ ਤੋਂ 02:50 ਵਜੇ ਬਾਅਦ ਦੁਪਹਿਰ ਤੱਕ ਅੱਧੇ ਘੰਟੇ ਲਈ ਸਥਗਿਤ ਕੀਤਾ ਗਿਆ।

**2) ਮਤੇ**

1) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ ਨੇ ਹੇਠ ਲਿਖਿਆ ਗੈਰ-ਸਰਕਾਰੀ ਮਤਾ ਸਦਨ ਵਿਚ ਪੇਸ਼ ਕੀਤਾ ਤੇ ਪ੍ਰਵਾਨ ਹੋਇਆ:-

"ਇਹ ਸਦਨ ਰਾਜ ਸਰਕਾਰ ਨੂੰ ਪੁਰਜੋਰ ਸਿਫ਼ਾਰਸ਼ ਕਰਦਾ ਹੈ ਕਿ ਐਸ.ਸੀ. ਬੱਚਿਆਂ ਨੂੰ ਵਜ਼ੀਫੇ ਸਮੇਂ ਸਿਰ ਨਾ ਮਿਲਣ ਕਾਰਨ ਉਨ੍ਹਾਂ ਦੇ ਸਰਟੀਫਿਕੇਟ ਵਿਦਿਅਕ ਅਦਾਰਿਆਂ ਵੱਲੋਂ ਨਹੀਂ ਦਿੱਤੇ ਜਾਂਦੇ, ਇਸ ਲਈ ਐਸ.ਸੀ. ਬੱਚਿਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੇ ਉਚਿਤ ਕਦਮ ਚੁੱਕੇ ਜਾਣ।"

ਮਤਾ ਪੇਸ਼ ਕਰਦੇ ਹੋਏ ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ 19 ਮਿੰਟ ਲਈ ਬੋਲੇ।

ਮਤੇ ਤੇ ਹੋਈ ਬਹਿਸ ਤੇ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | |
|---|---|
| 1. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 04 ਮਿੰਟ |
| 2. ਸ਼੍ਰੀ ਬੁੱਧ ਰਾਮ, ਆਮ ਆਦਮੀ ਪਾਰਟੀ | 16 ਮਿੰਟ |
| 3. ਰਾਣਾ ਇੰਦਰ ਪ੍ਰਤਾਪ ਸਿੰਘ , ਆਜ਼ਾਦ ਮੈਂਬਰ | 03 ਮਿੰਟ |
| 4. ਸ. ਕੁਲਵੰਤ ਸਿੰਘ ਪੰਡੋਰੀ, ਆਮ ਆਦਮੀ ਪਾਰਟੀ | 06 ਮਿੰਟ |
| 5. ਡਾ. ਰਵਜੋਤ ਸਿੰਘ, ਆਮ ਆਦਮੀ ਪਾਰਟੀ | 03 ਮਿੰਟ |
| 6. ਸ. ਨਰਿੰਦਰਪਾਲ ਸਿੰਘ ਸਵਨਾ, ਆਮ ਆਦਮੀ ਪਾਰਟੀ | 05 ਮਿੰਟ |
| 7. ਸ. ਗੁਰਦੇਵ ਸਿੰਘ ਦੇਵ ਮਾਨ, ਆਮ ਆਦਮੀ ਪਾਰਟੀ | 03 ਮਿੰਟ |
| 8. ਸ਼੍ਰੀ ਰਜਨੀਸ਼ ਕੁਮਾਰ ਦਹੀਯਾ, ਆਮ ਆਦਮੀ ਪਾਰਟੀ | 06 ਮਿੰਟ |
| 9. ਸ. ਕੁਲਵੰਤ ਸਿੰਘ ਬਾਜੀਗਰ, ਆਮ ਆਦਮੀ ਪਾਰਟੀ | 02 ਮਿੰਟ |
| 10. ਸ਼੍ਰੀ ਸ਼ੀਤਲ ਅੰਗੁਰਾਲ,ਆਮ ਆਦਮੀ ਪਾਰਟੀ | 02 ਮਿੰਟ |

ਮਤੇ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਸਮੇਂ ਵਿੱਤ ਮੰਤਰੀ 08 ਮਿੰਟ ਲਈ ਬੋਲੇ।

2) ਸ਼੍ਰੀ ਗੁਰਲਾਲ ਘਨੌਰ, ਐਮ.ਐਲ.ਏ. ਨੇ ਹੇਠ ਲਿਖਿਆ ਗੈਰ-ਸਰਕਾਰੀ ਮਤਾ ਸਦਨ ਵਿਚ ਪੇਸ਼ ਕੀਤਾ:-

"ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ "ਖੇਡਾਂ ਵਤਨ ਪੰਜਾਬ ਦੀਆਂ" ਸਰਕਾਰ ਦੀ ਖੇਡ ਜਗਤ ਪ੍ਰਤੀ ਗੰਭੀਰਤਾ ਦੀ ਬੇਹਤਰੀਨ ਮਿਸਾਲ ਹੋਣ ਕਾਰਨ ਇਸ ਹੀ ਤਰਜ ਤੇ ਸਰਕਾਰ ਵੱਲੋਂ ਬੱਚਿਆਂ ਅਤੇ ਨੌਜਵਾਨਾਂ ਦੀ ਰੁਚੀ ਖੇਡਾਂ ਵੱਲ ਹੋਰ ਪ੍ਰੇਰਿਤ ਕਰਨ ਲਈ ਅਸਰਦਾਰ ਉਚਿਤ ਕਦਮ ਚੁੱਕੇ ਜਾਣ।

ਮਤਾ ਪੇਸ਼ ਕਰਦੇ ਹੋਏ ਸ਼੍ਰੀ ਗੁਰਲਾਲ ਘਨੌਰ, ਐਮ.ਐਲ.ਏ 06 ਮਿੰਟ ਲਈ ਬੋਲੇ।

ਬਹਿਸ ਵਿੱਚ ਹਿੱਸਾ ਲੈਂਦੇ ਹੋਏ ਸ. ਦਵਿੰਦਰਜੀਤ ਸਿੰਘ ਲਾਡੀ ਢੋਸ, ਮੈਂਬਰ, ਆਮ ਆਦਮੀ ਪਾਰਟੀ 05 ਮਿੰਟ ਲਈ ਬੋਲੇ।

3) ਵਾਕ ਆਊਟ

ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਜ਼ੀਰੋ ਆਵਰ ਦੌਰਾਨ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਕਰਕੇ ਰੋਸ ਵਜੋਂ ਸਦਨ ਵਿਚੋਂ ਵਾਕ-ਆਊਟ ਕਰ ਗਏ।

ਮਾਨਯੋਗ ਡਿਪਟੀ ਸਪੀਕਰ ਨੇ 03:36 ਵਜੇ ਬਾਅਦ ਦੁਪਹਿਰ ਤੋਂ 04:05 ਵਜੇ ਬਾਅਦ ਦੁਪਹਿਰ ਅਤੇ 05:20 ਬਾਅਦ ਦੁਪਹਿਰ ਤੋਂ ਸਦਨ ਦੇ ਸਥਗਿਤ ਹੋਣ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 30 ਸਤੰਬਰ, 2022 ਦੇ 11:00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।

ਸੁਰਿੰਦਰ ਪਾਲ,
ਸਕੱਤਰ।

ਚੰਡੀਗੜ੍ਹ।
29 ਸਤੰਬਰ, 2022

3/10/22
Principal Chief Reporter
Punjab Vidhan Sabha
Chandigrah